# ਗੁਰੂ ਤੇਗ ਬਹਾਦਰ ਜੀ

ਦਾ

# ਭਗਤੀ ਦਰਸ਼ਨ

ਡਾ. ਮਨਮੋਹਨ ਸਿੰਘ

ਆਨਰਜ਼ (ਦਿੱਲੀ), ਐਮ. ਏ. (ਦਿੱਲੀ), ਪੀ-ਐਚ. ਡੀ. (ਪੰਜਾਬ),

ਪ੍ਰੋਫੈਸਰ ਆਫ਼ ਪੰਜਾਬੀ,

ਡਾਇਰੈਕਟੋਰੇਟ, ਪੱਤਰ-ਵਿਹਾਰ ਸਿੱਖਿਆ,

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

15078

ਮਨਦੀਪ ਪ੍ਰਕਾਸ਼ਨ ਨਵੀਂ ਦਿੱਲੀ–110015

15078

# ਗੁਰੂ ਤੇਗ ਬਹਾਦਰ ਜੀ
## ਦਾ
# ਭਗਤੀ ਦਰਸ਼ਨ

ਡਾ. ਮਨਮੋਹਨ ਸਿੰਘ

ਆਨਰਜ਼ (ਦਿੱਲੀ), ਐਮ. ਏ. (ਦਿੱਲੀ), ਪੀ-ਐਚ. ਡੀ. (ਪੰਜਾਬ),
ਪ੍ਰੋਫੈਸਰ ਆਫ਼ ਪੰਜਾਬੀ,
ਡਾਇਰੈਕਟੋਰੇਟ, ਪੱਤਰ-ਵਿਹਾਰ ਸਿੱਖਿਆ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

15078
S1/52

S. D. COLLEGE LIBRARY 15078 HOSHIARPUR

ਮਨਦੀਪ ਪ੍ਰਕਾਸ਼ਨ ਨਵੀਂ ਦਿੱਲੀ—110015

# ਤਤਕਰਾ


ਕ੍ਰਮ ਵਿਸ਼ਾ — ਪੰਨਾ

੧. ਭੂਮਿਕਾ — —

੨. ਭਗਤੀ-ਦਰਸ਼ਨ — 1

੩. ਭਗਤੀ ਅਤੇ ਇਸ ਦੀ ਪਰਿਭਾਸ਼ਾ — 1—20

੪. ਭਗਤੀ ਸ਼ਬਦ ਦੇ ਕੋਸ਼ਾਰਥ-ਪੰ: 1, ੫. ਭਗਤੀ ਸ਼ਬਦ ਦੀ ਵਿਉਤਪਤੀ-ਪੰ: 1, ੬. ਭਗਤੀ : ਵਿਉਤਪਤੀ ਮੂਲਕ ਪਰਿਭਾਸ਼ਾ-ਪੰ: 1, ੭. ਭਗਤੀ ਸ਼ਬਦ ਦੀ ਵਰਤੋਂ-ਪੰ: 2, ੮. ਭਗਤੀ ਸ਼ਬਦ ਦੀ ਪਰਿਭਾਸ਼ਾ-ਪੰ: 3, ੯. ਭਗਤੀ : ਪ੍ਰੇਮ-ਆਧਾਰਤ-ਪੰ: 4, ੧੦. ਭਗਤੀ : ਸੰਗ-ਦਾਇਨੀ-ਪੰ 5, ੧੧. ਭਗਤੀ : ਸਤੋਂ ਅਤੇ ਸਦ-ਸਥਿਰ-ਪੰ: 5, ੧੨. ਭਗਤੀ : ਅਨੰਨ ਅਥਵਾ ਏਕਾਂਤਿਕ ਪ੍ਰਕਿਰਤੀ-ਯੁਕਤ-ਪੰ: 6, ੧੩. ਭਗਤੀ ਅਤੇ ਕਰਮ-ਪੰ: 6, ੧੪. ਭਗਤੀ ਅਤੇ ਗਿਆਨ-ਪੰ: 7, ੧੫. ਭਗਤੀ ਦੀ ਸਰਵ ਸ੍ਰੇਸ਼ਠਤਾ ਪੰ: 7, ੧੬. ਭਗਤੀ : ਅਦ੍ਵੈਤੀ-ਪੰ: 8, ੧੭. ਭਗਤੀ ਦੀ ਚਰਮ ਸੀਮਾ-ਪੰ: 8, ੧੮. ਭਗਤੀ ਦਾ ਮਹਾਤਮ-ਪੰ: 9, ੧੯. ਭਗਤੀ-ਫਲ-ਪੰ: 9, ੨੦. ਭਗਤੀ : ਮੁਕਤੀ-ਪ੍ਰਦਾਤੀ-ਪੰ: 9, ੨੧. ਭਗਤੀ : ਦੁਖ-ਹਰਣੀ-ਪੰ: 13, ੨੨. ਭਗਤੀ : ਜਨਮ ਸਫਲਾਉਣੀ-ਪੰ: 13, ੨੩. ਭਗਤੀ : ਸ਼ੰਕਾ-ਨਿਵਾਰਣੀ-ਪੰ: 13, ੨੪. ਭਗਤੀ : ਲੋਭ-ਮੋਹ-ਵਿਨਾਸ਼ਕ-ਪੰ: 13, ੨੫. ਭਗਤੀ : ਮਾਇਆ-ਮੋਚਨੀ-ਪੰ: 13, ੨੬. ਭਗਤੀ : ਸਥਿਰਤਾ-ਪ੍ਰਦਾਇਣੀ-ਪੰ:14, ੨੭. ਭਗਤੀ : ਤ੍ਰਿਸ਼ਨਾ-ਵਿਨਾਸ਼ਕ-ਪੰ: 14, ੨੮. ਭਗਤੀ : ਪ੍ਰਭੂ-ਸੰਗ-ਦਾਇਨੀ-ਪੰ: 14, ੨੯. ਭਗਤੀ : ਭਰਮ-ਵਿਨਾਸ਼ਕ-ਪੰ: 14, ੩੦. ਭਗਤੀ : ਗਿਆਨ-ਉਤਪਾਦਕ-ਪੰ: 15, ੩੧. ਭਗਤੀ : ਦੁਰਮਤ-ਵਿਨਾਸ਼ਕ-ਪੰ:15, ੩੨. ਭਗਤੀ : ਪਵਿਤਰਤਾ-ਪਾਵਨਤਾ-ਪ੍ਰਦਾਇਣੀ-ਪੰ: 15, ੩੩. ਭਗਤੀ : ਯਮ-ਮੋਚਨੀ-ਪੰ: 15, ੩੪. ਭਗਤੀ : ਸੁਖ-ਦਾਤੀ-ਪੰ: 16, ੩੫. ਭਗਤੀ : ਭੈ-ਨਾਸ਼ਕ-ਪੰ: 16, ੩੬. ਭਗਤੀ : ਕਾਰਜ-ਪੂਰਣੀ-ਪੰ: 16, ੩੭. ਭਗਤੀ : ਸੰਕਟ-ਨਿਵਾਰਣੀ-ਪੰ: 17, ੩੮. ਭਗਤੀ : ਜਗ-ਵਿਜੈ ਦਾ ਪ੍ਰਤੀਕ-ਪੰ: 17, ੩੯. ਭਗਤੀ : ਜੀਵਨ ਦਾ ਲਖਸ਼-ਪੰ: 17, ੪੦ ਭਗਤੀ ਦਾ ਦ੍ਰਿੜ੍ਹਾਉਣਾ-ਪੰ: 18.

੪੧. ਭਗਤੀ ਦੀ ਪ੍ਰਕਾਰ-ਵੰਡ — 20—26

੪੨. ਗੌਣੀ ਭਗਤੀ-ਪੰ: 20, ੪੩. ਵੈਧੀ ਭਗਤੀ-ਪੰ: 20, ੪੪. ਰਾਗਾਨੁਗਾ ਭਗਤੀ-ਪੰ: 21, ੪੫. ਭਗਤੀ : ਚਾਰ-ਪ੍ਰਕਾਰੀ-ਪੰ. 21, ੪੬. ਭਗਤੀ ਦੀਆਂ ਆਸਕਤੀਆਂ-ਪੰ: 23, ੪੭. ਗੁਣ-ਮਹਾਤਮ-ਆਸਕਤੀ-ਪੰ: 23, ੪੮. ਰੂਪ-ਆਸਕਤੀ-ਪੰ: 23, ੪੯. ਪੂਜਾ-ਸਕਤੀ-ਪੰ: 23, ੫੦. ਸਿਮਰਨ-ਆਸਕਤੀ-ਪੰ: 23, ੫੧. ਦਾਸ-ਆਕਤੀ-ਪੰ: 23, ੫੨. ਸਖਾ-ਸਕਤੀ-ਪੰ: 24, ੫੩. ਕਾਂਤਾ-ਸਕਤੀ-ਪੰ: 24, ੫੪. ਵਾਤਸਲ-ਆਸਕਤੀ-ਪੰ: 24, ੫੫. ਆਤਮ-ਨਿਵੇਦਨ-ਆਸਕਤੀ-ਪੰ: 24, ੫੬. ਤਨਮਈਤਾ-ਸਕਤੀ-ਪੰ: 24, ੫੭. ਪਰਮ-ਬਿਰਹਾ-ਸਕਤੀ-ਪੰ: 24.

**੫੮. ਨਵਧਾ ਭਗਤੀ** 26—40

੫੯. ਸ੍ਰਵਣ ਭਗਤੀ-ਪੰ: 26, ੬੦. ਕੀਰਤਨ ਭਗਤੀ-ਪੰ: 27, ੬੧. ਸਿਮਰਨ ਭਗਤੀ-ਪੰ: 28, ੬੨. ਪਾਦਸੇਵਨ ਭਗਤੀ-ਪੰ: 32, ੬੩. ਅਰਚਨ ਭਗਤੀ-ਪੰ: 33, ੬੪. ਵੰਦਨ ਭਗਤੀ-ਪੰ: 34, ੬੫. ਦਾਸ ਭਗਤੀ-ਪੰ: 34, ੬੬. ਸਖਾ ਭਗਤੀ-ਪੰ: 35, ੬੭. ਆਤਮ ਨਿਵੇਦਨ ਭਗਤੀ-ਪੰ: 35, ੬੮. ਅਨੁਕੂਲ ਦਾ ਸੰਕਲਪ-ਪੰ: 36, ੬੯. ਪ੍ਰਤੀਕੂਲ ਦਾ ਤਿਆਗ-ਪੰ: 36, ੭੦. ਗੋਪਤ੍ਰਤਵਵਰਣ-ਪੰ: 36, ੭੧. ਰਖਿਆ ਦਾ ਵਿਸ਼ਵਾਸ-ਪੰ: 36, ੭੨. ਆਤਮ ਸਮਰਪਣ-ਪੰ: 36, ੭੩. ਕਾਰਪਣਯ-ਪੰ: 36, ੭੪. ਦੀਨਤਾ-ਪੰ: 37, ੭੫. ਆਸ਼ਵਾਸਨ-ਪੰ: 37, ੭੬. ਮਾਨਮਰਸ਼ਣ-ਪੰ: 37, ੭੭. ਭੈਦਰਸ਼ਨ-ਪੰ: 37, ੭੮. ਭਰਤਸਨਾ-ਪੰ: 37, ੭੯. ਵਿਚਾਰਣਾ ਪੰ: 37, ੮੦. ਮਨੋਰਾਜਯ-ਪੰ: 37.

**੮੧. ਭਗਤੀ ਦੇ ਸਾਧਨ** 40—49

੮੨. ਗੁਰੂ-ਪੰ: 45, ੮੩. ਸਾਧ ਸੰਗਤ-ਪੰ: 46, ੮੪. ਗੁਣ-ਗਾਇਨ-ਪੰ: 47, ੮੫: ਭਗਵਦ-ਕਿਰਪਾ-ਪੰ: 49.

**੮੬. ਭਗਤੀ ਮਾਰਗ ਦੀਆਂ ਰੁਕਾਵਟਾਂ** 49—60

੮੭. ਕਾਮ-ਪੰ: 50, ੮੮. ਕ੍ਰੋਧ-ਪੰ: 51, ੮੯. ਲੋਭ-ਪੰ: 52, ੯੦. ਮੋਹ-ਪੰ: 53, ੯੧. ਅਹੰਕਾਰ-ਪੰ: 54, ੯੨ ਕੁਸੰਗ-ਪੰ: 54, ੯੩. ਤ੍ਰਿਸ਼ਨਾ-ਪੰ: 56, ੯੪. ਪਰਪੰਚ ਅਥਵਾ ਛਲ, ਕਪਟ ਜਾਂ ਧੋਖਾ-ਪੰ: 56, ੯੫. ਕਨਕ ਕਾਮਨੀ-ਪੰ: 57, ੯੬. ਨਿੰਦਿਆ-ਪਰਨਿੰਦਾ-ਪੰ: 57, ੯੭. ਵਿਸ਼ੇ-ਵਿਕਾਰ-ਪੰ: 58, ੯੮. ਮਨਮਤ-ਪੰ: 58, ੯੯. ਮਾਇਆ-ਮਗਨਤਾ-ਪੰ: 59, ੧੦੦ ਸੰਸਾਰਕ ਜੰਜਾਲ-ਪੰ: 60.

**੧੦੧. ਭਗਤਾਂ ਦੀ ਸ਼੍ਰੇਣੀਆਂ ਅਤੇ ਉਹਨਾਂ ਦੇ ਲੱਛਣ** 60—66

੧੦੨. ਭਗਤ ਵਿਰਲੇ-ਪੰ: 62, ੧੦੩. ਭਗਤ ਅਤੇ ਮੁਕਤ-ਪੰ: 63, ੧੦੪. ਮੁਕਤ-ਭਗਤ : ਹਉਮੈ ਦਾ ਤਿਆਗੀ-ਪੰ: 64, ੧੦੫. ਮੁਕਤ-ਭਗਤ : ਸਮ-ਬੁਧੀ-ਧਾਰਣੀ-ਪੰ: 64, ੧੦੬. ਭਗਤ ਅਤੇ ਜੀਵਨ-ਮੁਕਤ-ਪੰ: 65, ੧੦੭. ਭਗਤ ਅਤੇ ਜੋਗੀ-ਪੰ: 65, ੧੦੮. ਭਗਤ ਅਤੇ ਗਿਆਨੀ-ਪੰ: 65.

**੧੦੯. ਅਭਗਤ ਅਥਵਾ ਭਗਤਿਹੀਨ** 66—72

੧੧੦. ਅਭਗਤ : ਮਾਇਆ-ਮਗਨ-ਅੰਧ-ਪੰ: 67, ੧੧੧. ਅਭਗਤ : ਬਾਵਰਾ-ਪੰ: 67, ੧੧੨. ਅਭਗਤ ਅਕ੍ਰਿਤਘਣ-ਪੰ: 68, ੧੧੩. ਅਭਗਤ : ਗਵਾਰ-ਪੰ: 68, ੧੧੪. ਅਭਗਤ : ਮੂੜ੍ਹ-ਪੰ: 68, ੧੧੫. ਅਭਗਤ : ਅਜਾਨ, ਮੂਰਖ, ਨਿਰਲੱਜ ਅਤੇ ਅਗਿਆਨੀ-ਪੰ: 68, ੧੧੬. ਅਭਗਤ : ਅਚੇਤ-ਪੰ: 69, ੧੧੭. ਅਭਗਤ : ਸੁਧ-ਬੁਧ-ਵਿਹੀਨ-ਪੰ: 69, ੧੧੮. ਅਭਗਤ ਦੀ ਮਾਨਸਿਕ ਅਸਥਿਰਤਾ-ਪੰ: 69, ੧੧੯. ਅਭਗਤ : ਪਸ਼ੂ-ਬਿਰਤੀਆਂ ਦਾ ਧਾਰਣੀ-ਪੰ: 70, ੧੨੦. ਅਭਗਤ ਅਤੇ ਭਗਤੀ-ਵਿਹੂਣਤਾ-ਪੰ: 70.

੧੨੧. ਸਾਰੰਸ਼-ਪੰ: 72.

# ਭਗਤੀ-ਦਰਸ਼ਨ

ਗੁਰੂ ਤੇਗ ਬਹਾਦਰ ਜੀ ਦੇ ਭਗਤੀ-ਦਰਸ਼ਨ ਸੰਬੰਧੀ ਅਸੀਂ ਨਿਮਨ ਲਿਖਤ ਵਿਉਂਤ ਅਧੀਨ ਵਿਚਾਰ ਕਰਾਂਗੇ :—

## ੧. ਭਗਤੀ ਅਤੇ ਇਸ ਦੀ ਪਰਿਭਾਸ਼ਾ

ਭਗਤੀ ਦੀ ਪਰਿਭਾਸ਼ਾ ਨਿਰਧਾਰਤ ਕਰਨ ਤੋਂ ਪਹਿਲਾਂ ਭਗਤੀ ਸ਼ਬਦ ਦੇ ਕੋਸ਼ਾਰਥ ਅਤੇ ਭਗਤੀ ਸ਼ਬਦ ਦੀ ਵਿਉਤਪਤੀ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਲੈਣੀ ਅਤਿ ਲੋੜੀਂਦੀ ਹੈ।

### 1. ਭਗਤੀ ਸ਼ਬਦ ਦੇ ਕੋਸ਼ਾਰਥ

ਭਗਤੀ ਸ਼ਬਦ ਦੇ ਕੋਸ਼ਾਰਥ ਹਨ ਵਿਭਾਗ, ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸਨਾ ਆਦਿ। ਪਰ ਅਜਿਹੇ ਸ਼ਾਬਦਿਕ ਅਰਥਾਂ ਨਾਲ ਭਗਤੀ ਦੀ ਅਸਲੀ ਆਤਮਾ ਨਹੀਂ ਜਾਣੀ ਜਾ ਸਕਦੀ। ਇਸ ਲਈ ਸਾਨੂੰ ਭਗਤੀ ਦੇ ਅਚਾਰੀਆਂ ਦੁਆਰਾ ਦਿੱਤੀ ਗਈ ਭਗਤੀ ਦੀ ਪਰਿਭਾਸ਼ਾ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ। ਪਰ ਉਸ ਤੋਂ ਵੀ ਪਹਿਲਾਂ ਭਗਤੀ ਸ਼ਬਦ ਦੀ ਵਿਉਤਪਤੀ ਵੇਖ ਲੈਣੀ ਜ਼ਰੂਰੀ ਹੈ।

### 2. ਭਗਤੀ ਸ਼ਬਦ ਦੀ ਵਿਉਤਪਤੀ

ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜ ਸੇਵਾਯਾਮ' ਤੋਂ ਪਾਣਿਨੀ ਦੇ ਸੂਤਰ 'ਇਸਤ੍ਰੀਆਂ ਕਤਿਨ' (ਨੰਬਰ 3/3/94) ਦੇ ਅਨੁਸਾਰ 'ਕਤਿਨ' ਪ੍ਰਤਯਯ ਜੋੜਨ ਨਾਲ ਬਣਿਆਂ ਹੈ। ਪ੍ਰਤਯਯ ਦਾ ਅਰਥ 'ਪ੍ਰੇਮ' ਅਤੇ ਧਾਤੂ ਦਾ ਅਰਥ 'ਸੇਵਾ ਕਰਨਾ' ਹੈ। ਸਾਧਾਰਣ ਨਿਯਮ ਇਹ ਹੈ ਕਿ ਧਾਤੂ ਅਤੇ ਪ੍ਰਤਯਯ ਦੇ ਮੇਲ ਨਾਲ ਇਕ ਸੰਪੂਰਣ ਅਰਥ ਉਜਾਗਰ ਹੁੰਦਾ ਹੈ। ਇੰਜ ਭਗਤੀ ਦਾ ਅਰਥ ਹੋਇਆ 'ਪ੍ਰੇਮ ਭਾਵ ਨਾਲ ਸੇਵਾ ਕਰਨਾ'।

### 3. ਭਗਤੀ : ਵਿਉਤਪਤੀ ਮੂਲਕ ਪਰਿਭਾਸ਼ਾ

ਭਗਤੀ ਦੀ ਵਿਉਤਪਤੀ ਮੂਲਕ ਪਰਿਭਾਸ਼ਾ ਹੈ—ਪ੍ਰੇਮ ਭਾਵ ਨਾਲ ਈਸ਼ਵਰ ਦੀ ਸੇਵਾ ਕਰਨਾ। ਗੁਰੂ ਤੇਗ ਬਹਾਦਰ ਜੀ ਦੀ ਭਗਤੀ-ਧਾਰਣਾ ਨਿਰਸੰਦੇਹ ਪ੍ਰਭੂ-ਪ੍ਰੇਮ ਤੇ ਅ ਧਾਰਤ ਹੈ। ਉਹਨਾਂ ਦੇ ਸੇਵਾ-ਸੰਕਲਪ ਵਿੱਚ ਕਿਸੇ ਲੋਭ ਲਾਲਚ ਦੇ ਅਧੀਨ 'ਜਨ ਜਨ' ਦੀ ਕੀਤੀ ਸੇਵਾ ਦੇ ਟਾਕਰੇ ਤੇ 'ਗੁਰ ਜਨ' ਦੀ ਸੇਵਾ ਦਾ ਸਮਰਥਨ ਕੀਤਾ ਗਿਆ ਹੈ, ਯਥਾ :—

(ੳ) ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥
ਸੁਖ ਕੈ ਹੇਤਿ ਬਹੁਤੁ ਦੁਖ ਪਾਵਤ ਸੇਵ ਕਰਤ ਜਨ ਜਨ ਕੀ ॥

(ਆਸਾ ਮ: ੯, ਉਹੀ, ਪੰਨਾ ੪੧੧)

(ਅ) ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥

(ਸੋਰਠਿ ਮ: ੯, ਸ਼ਬਦਾਰਥ, ਪੰਨਾ ੬੩੨)

## 4. ਭਗਤੀ ਸ਼ਬਦ ਦੀ ਵਰਤੋਂ

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਭਗਤੀ ਦਾ ਅਨੇਕ-ਪੱਖੀ ਅਤੇ ਵਿਸਤ੍ਰਿਤ ਚਿੰਤਨ ਪ੍ਰਸਤੁਤ ਕੀਤਾ ਹੈ ਪਰ ਭਗਤੀ ਸ਼ਬਦ ਦੀ ਵਰਤੋਂ ਸਾਨੂੰ ਹੇਠ ਲਿਖੇ ਅਨੁਸਾਰ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ, ਯਥਾ :—

(ੳ) ਪਰਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹੀ ਕੀਨੀ ॥

(ਸੋਰਠਿ ਮ: ੯, ਉਹੀ, ਪੰਨਾ ੬੩੨)

(ਅ) ਪ੍ਰਾਨੀ ਕਉਨੁ ਉਪਾਉ ਕਰੈ ।
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ ।

(ਸੋਰਠਿ ਮ: ੯, ਉਹੀ, ਪੰਨਾ ੬੩੨)

(ੲ) ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥

(ਬਿਲਾਵਲੁ ਮ: ੯, ਉਹੀ, ਪੰਨਾ ੮੩੦)

(ਸ) ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿਹੀਨ ਜੋ ਪ੍ਰਾਨੀ ॥

(ਬਿਲਾਵਲੁ ਮ: ੯, ਉਹੀ, ਪੰਨਾ ੮੩੧)

(ਹ) ਸਾਧੋ ਕਉਨ ਜੁਗਤਿ ਅਬ ਕੀਜੈ ॥
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ।

(ਰਾਮਕਲੀ ਮ: ੯, ਉਹੀ, ਪੰਨਾ ੯੦੨)

(ਕ) ਲੋਭ ਮੋਹ ਏ ਪਰਸਿ ਨ ਸਾਕਹਿ ਗਹੀ ਭਗਤਿ ਭਗਵਾਨ ॥

(ਬਸੰਤ ਮ: ੯, ਉਹੀ, ਪੰਨਾ ੧੧੮੬)

(ਖ) ਇਕ ਭਗਤਿ ਨਾਰਾਇਨ ਹੋਇ ਸੰਗਿ ॥
ਕਹੁ ਨਾਨਕ ਭਜੁ ਤਿਹ ਏਕ ਰੰਗਿ ॥

(ਬਸੰਤ ਮ: ੯ ਉਹੀ, ੧੧੮੭)

(ਗ) ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥

(ਜੈਜਾਵੰਤੀ ਮ: ੯, ਉਹੀ, ਪੰਨਾ ੧੩੫੨)

(ਘ) ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

(5) ਨਿਜ ਕਰ ਦੇਖਿਓ ਜਗਤ ਮੈ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖਹੁ ਮਨ ਮਾਹਿ ॥
(ਸਲੋਕ ਮ: ੯, ਉਹੀ, ਪੰਨਾ ੧੪੨੮)

## 5. ਭਗਤੀ ਦੀ ਪਰਿਭਾਸ਼ਾ

ਭਗਤੀ ਦੀ ਪਰਿਭਾਸ਼ਾ, ਭਗਤੀ ਦੇ ਅਚਾਰੀਆਂ ਨੇ ਆਪੋ ਆਪਣੇ ਮਤ ਅਨੁਸਾਰ ਭਿੰਨ ਭਿੰਨ ਤਰੀਕਿਆਂ ਨਾਲ ਕੀਤੀ ਹੈ। ਕੋਈ ਇਕ ਪਰਿਭਾਸ਼ਾ ਆਪਣੇ ਆਪ ਵਿੱਚ ਸੰਪੂਰਣ ਨਹੀਂ ਅਰਥਾਤ ਭਗਤੀ ਦੇ ਸੰਪੂਰਣ ਸਰੂਪ ਨੂੰ ਕਿਸੇ ਇਕ ਭਾਸ਼ਾ ਦੇ ਆਧਾਰ ਤੇ ਨਹੀਂ ਜਾਣਿਆ ਜਾ ਸਕਦਾ। ਕਿਤੇ ਤਾਂ ਉਸ ਬਿਰਤੀ ਨੂੰ ਭਗਤੀ ਆਖਿਆ ਗਿਆ ਹੈ ਜਿਸ ਦੁਆਰਾ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀਆਂ ਇੰਦਰੀਆਂ ਦੀ ਸੁਭਾਵਕ ਬਿਰਤੀ ਨਿਸ਼ਕਾਮ ਰੂਪ ਨਾਲ ਭਗਵਾਨ ਵੱਲ ਲਗ ਜਾਵੇ। ਕਿਤੇ ਮਨ ਨੂੰ ਭਗਵਾਨ ਵਿਚ ਪੂਰਣ ਭਾਂਤ ਕੇਂਦ੍ਰਿਤ ਕਰਕੇ ਕਿਸੇ ਫਲ ਦੀ ਇੱਛਾ ਕੀਤੇ ਬਿਨਾ ਉਸ ਦੇ ਨਿਰੰਤਰ ਭਜਨ ਨੂੰ ਹੀ ਭਗਤੀ ਕਿਹਾ ਗਿਆ ਹੈ। ਕਿਤੇ ਪ੍ਰੇਮਮਈ ਮਨ ਦੇ ਸੁਆਰਥ ਰਹਿਤ ਹੋਕੇ ਪ੍ਰਭੂ ਪ੍ਰਤੀ ਪ੍ਰਵਾਹਿਤ ਹੁੰਦੇ ਰਹਿਣ ਨੂੰ ਹੀ ਭਗਤੀ ਆਖਿਆ ਗਿਆ ਹੈ। ਕਿਤੇ ਮਨ ਦੀ ਉਸ ਬਿਰਤੀ ਨੂੰ ਭਗਤੀ ਕਿਹਾ ਗਿਆ ਹੈ ਜੋ ਅਧਿਆਤਮਕ ਸਾਧਨਾ ਤੋਂ ਪ੍ਰਭਾਵਿਤ ਹੋ ਕੇ ਈਸ਼ਵਰ ਵੱਲ ਵਹਿ ਤੁਰਦੀ ਹੈ। ਭਗਤੀ ਦੇ ਅਚਾਰੀਆ ਸ਼ਾਂਡਿਲਯ ਅਨੁਸਾਰ ਈਸ਼ਵਰ ਵਿਚ ਅਤਿਅੰਤ ਪ੍ਰੇਮ ਹੀ ਭਗਤੀ ਹੈ। ਮਧਵਾ-ਚਾਰੀਆ ਅਨੁਸਾਰ ਉੱਤਮ ਗਿਆਨ ਪੂਰਬਕ, ਸੁਦ੍ਰਿੜ ਅਤੇ ਲਗਾਤਾਰ ਪ੍ਰੇਮ ਹੀ ਭਗਤੀ ਹੈ। ਪਰਮ ਪ੍ਰੇਮ, ਜੋ ਪੂਰਬਲੇ ਗਿਆਨ ਤੋਂ ਉਤਪੰਨ ਹੁੰਦਾ ਹੈ ਅਤੇ ਹਮੇਸ਼ ਵਿਦਮਾਨ ਰਹਿੰਦਾ ਹੈ, ਭਗਤੀ ਕਿਹਾ ਜਾਂਦਾ ਹੈ। 'ਭਕਤੀ ਰਸਾਮ੍ਰਿਤ ਸਿੰਧੁ' ਦੇ ਰਚਿਤਾ ਰੂਪ ਗੋਸੁਆਮੀ ਦੇ ਕਥਨ ਅਨੁਸਾਰ ਗਿਆਨ ਅਤੇ ਕਰਮ ਦੇ ਪ੍ਰਭਾਵ ਤੋਂ ਰਹਿਤ ਹੋਕੇ ਕਿਸੇ ਤਰ੍ਹਾਂ ਦੇ ਫਲ ਦੀ ਇੱਛਾ ਕੀਤੇ ਬਿਨਾ ਨਿਰੰਤਰ ਭਗਵਾਨ ਕ੍ਰਿਸ਼ਣ ਦਾ ਪ੍ਰੇਮ ਪੂਰਬਕ ਧਿਆਨ ਹੀ ਭਗਤੀ ਹੈ। ਵਲਭਾਚਾਰੀਆ ਦੇ ਕਥਨ ਅਨੁਸਾਰ ਭਗਵਾਨ ਦੇ ਪ੍ਰਤੀ ਗਿਆਨ-ਪੂਰਬਕ ਅਤੇ ਲਗਾਤਾਰ ਪ੍ਰੇਮ ਨੂੰ ਭਗਤੀ ਕਹਿੰਦੇ ਹਨ। ਮੁਕਤੀ ਦਾ ਇਸ ਤੋਂ ਸਹਿਲ ਸਾਧਨ ਹੋਰ ਕੋਈ ਨਹੀਂ। ਰਾਮਾਨੰਦ ਅਨੁਸਾਰ ਵਿਵੇਕ ਆਦਿ ਤੋਂ ਜਿਸ ਦੀ ਉਤਪਤੀ ਹੁੰਦੀ ਹੈ, ਯਮ ਆਦਿ ਜਿਸ ਦੇ ਅਠ ਅੰਗ ਹਨ, ਤੇਲ-ਧਾਰਾ ਦੇ ਸਮਾਨ ਨਿਰੰਤਰ ਕੀਤੇ ਗਏ ਸਿਮਰਨ ਤੋਂ ਪ੍ਰਾਪਤ ਹੋਏ ਭਗਵਾਨ ਪ੍ਰਤੀ ਜੋ ਸਨੇਹ ਹੈ, ਉਹੀ ਪਰਾ ਭਗਤੀ ਹੈ। ਰਾਮਾਨੁਜ ਅਨੁਸਾਰ ਭਗਤੀ ਪ੍ਰੇਮ ਸਹਿਤ ਪ੍ਰਭੂ ਵਿਚ ਧਿਆਨ ਲਗਾਉਣਾ ਹੈ। ਧਿਆਨ ਦਾ ਲਖਸ਼ ਬੜਾ ਹੀ ਪਿਆਰਾ ਹੈ। ਇਸੇ ਲਈ ਧਿਆਨ ਲਗਾਉਣ ਦਾ ਕਰਮ ਵੀ ਬੜਾ ਮਿੱਠਾ ਹੈ। ਇੰਜ ਰਾਮਾਨੁਜ ਅਨੁਸਾਰ ਭਗਤੀ ਲਗਾਤਾਰ ਅਤੇ ਨਿਰੰਤਰ ਪ੍ਰੇਮਿਕਾ ਦੀ ਪ੍ਰਿਅ ਸਮਾਧੀ ਹੈ। ਪ੍ਰੇਮ-ਵਿਚਾਰ ਦੀ ਧਾਰ ਤੇਲ ਦੀ ਧਾਰ ਵਾਂਗ ਹੀ ਅਟੁਟ ਹੈ। ਸੁਆਮੀ ਵਿਵੇਕਾਨੰਦ ਅਨੁਸਾਰ ਭਗਤੀ ਯੋਗ ਪਰਮਾਤਮਾ ਦੀ ਅਸਲੀ ਅਤੇ ਸੱਚੀ ਖੋਜ ਹੈ ਜਿਸਦਾ ਆਰੰਭ, ਮਧ ਅਤੇ ਅੰਤ

ਪ੍ਰੇਮ ਵਿੱਚ ਹੀ ਹੁੰਦਾ ਹੈ ।

ਭਗਤੀ ਦੇ ਅਚਾਰੀਆਂ ਦੁਆਰਾ ਦਿੱਤੀ ਗਈ ਭਗਤੀ ਦੀ ਪਰਿਭਾਸ਼ਾ ਤੋਂ ਸਪਸ਼ਟ ਹੈ ਕਿ ਭਗਤੀ ਦਾ ਮੂਲ ਆਧਾਰ ਪ੍ਰੇਮ ਹੈ ।

6. ਭਗਤੀ : ਪ੍ਰੇਮ-ਆਧਾਰਤ

ਭਗਤੀ ਮੂਲ ਰੂਪ ਵਿੱਚ ਪ੍ਰੇਮ-ਆਧਾਰਤ ਹੈ । ਗੁਰੂ ਤੇਗ ਬਹਾਦਰ ਜੀ ਅਨੁਸਾਰ ਪ੍ਰੇਮਾ-ਭਗਤੀ ਮਨੁਖਾ ਜੀਵਨ ਦਾ ਆਧਾਰ ਹੈ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਜਲ, ਮਛਲੀ ਦੇ ਜੀਵਨ ਦਾ ਆਧਾਰ ਹੈ । ਦੂਜੇ ਸ਼ਬਦਾਂ ਵਿਚ ਭਗਤੀ, ਗੁਰੂ ਸਾਹਿਬ ਅਨੁਸਾਰ, 'ਜਲ-ਮੀਨ' ਦੇ ਪ੍ਰੇਮ ਸਮਾਨ ਹੀ ਸਾਧਕ ਦੀ ਪ੍ਰਭੂ ਪ੍ਰਤੀ ਪ੍ਰੇਮ-ਅਭਿਵਿਅਕਤੀ ਹੈ, ਯਥਾ :—

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥

(ਸਲੋਕ ਮ: ੯, ਉਹੀ, ਪੰਨਾ ੧੪੨੬)

ਭਗਤੀ ਦਾ ਆਧਾਰ-ਪ੍ਰੇਮ ਜਾਗਤਿਕ ਜਾਂ ਦੁਨਿਆਵੀ ਅਥਵਾ ਸੰਸਾਰਕ ਰਿਸ਼ਤਿਆਂ ਦਾ ਪ੍ਰੇਮ ਨਹੀਂ ਜਿਸ ਵਿੱਚ ਹਰ ਕੋਈ ਆਪੋ ਆਪਣੇ ਸੁਖ ਲਈ ਚਿੰਤਾਤੁਰ ਅਤੇ ਜਤਨਸ਼ੀਲ ਰਹਿੰਦਾ ਹੈ । ਅਜਿਹੇ ਜਾਗਤਿਕ ਪ੍ਰੇਮ ਵਿੱਚ ਸੰਲਗਨ ਵਿਅਕਤੀਆਂ ਦਾ ਸਾਥ ਥੋੜ੍ਹ-ਚਿਰਾ ਹੁੰਦਾ ਹੈ, ਇਸ ਜੀਵਨ ਤਕ ਹੀ ਸੀਮਤ ਹੁੰਦਾ ਹੈ, ਅੰਤ ਸਮੇਂ ਉਹਨਾਂ ਦਾ ਸਾਥ ਪ੍ਰਾਪਤ ਨਹੀਂ ਹੁੰਦਾ, ਯਥਾ :—

ਜਗਤ ਮਹਿ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥

(ਦੇਵਗੰਧਾਰੀ ਮ: ੯, ਉਹੀ, ਪੰਨਾ ੫੩੬)

ਭਗਤੀ ਦਾ ਆਧਾਰ-ਪ੍ਰੇਮ ਪ੍ਰਭੂ-ਸੰਬੰਧਿਤ-ਪ੍ਰੇਮ ਹੈ ਜਿਸ ਨੂੰ ਗੁਰੂ ਸਾਹਿਬ ਨੇ ਉਪਦੇਸ਼ਾਤਮਕ ਅਤੇ ਨਿਸ਼ੇਧਾਤਮਕ ਦੋਹਾਂ ਢੰਗਾਂ ਨਾਲ ਦ੍ਰਿੜ੍ਹਾਇਆ ਹੈ, ਯਥਾ :—

(ੳ) ਹੇ ਮਨ ਰਾਮ ਸਿਉ ਕਰਿ ਪ੍ਰੀਤਿ ॥

(ਸੋਰਠਿ ਮ. ੯. ਉਹੀ, ਪੰਨਾ ੬੩੧)

(ਅ) ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥

(ਗਉੜੀ ਮ: ੯, ਉਹੀ, ਪੰਨਾ ੨੨੦)

(ੲ) ਤਨੁ ਧਨੁ ਜਿਹ ਤੋ ਕਉ ਦੀਓ ਤਾ ਸਿਉ ਨੇਹੁ ਨ ਕੀਨ ॥
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥

(ਸਲੋਕ ਮ: ੯, ਉਹੀ, ਪੰਨਾ ੧੪੨੬)

### 7. ਭਗਤੀ : ਸੰਗ-ਦਾਇਨੀ

ਕਿਉਂਕਿ ਭਗਤੀ ਦਾ ਪ੍ਰੇਮ ਪ੍ਰਭੂ ਦੇ ਪ੍ਰਥਾਇ ਹੈ ਇਸ ਲਈ ਦੁਨਿਆਵੀ ਵਸਤਾਂ ਅਤੇ ਰਿਸ਼ਤਿਆਂ ਦੇ ਟਾਕਰੇ ਤੇ ਕੇਵਲ ਇਹੀ ਅੰਤ ਸਮੇਂ ਜੀਵ ਦਾ ਸੰਗ-ਸਾਥ ਦਿੰਦੀ ਅਤੇ ਉਸ ਲਈ ਸਹਾਇਕ ਸਿੱਧ ਹੁੰਦੀ ਹੈ, ਯਥਾ :—

(ੳ) ਧਨੁ ਦਾਰਾ ਸੰਪਤਿ ਗ੍ਰੇਹ ॥
ਕਛੁ ਸੰਗਿ ਨ ਚਾਲੈ ਸਮਝਿ ਲੇਹੁ ॥
ਇਕ ਭਗਤਿ ਨਾਰਾਇਨ ਹੋਇ ਸੰਗਿ ॥

(ਬਸੰਤ ਮ: ੯, ਉਹੀ, ਪੰਨਾ ੧੧੮੭)

(ਅ) ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ ॥
ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥

(ਜੈਜਾਵੰਤੀ ਮ: ੯, ਉਹੀ, ਪੰਨਾ ੧੩੫੨)

(ੲ) ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥

(ਸਲੋਕ ਮ: ੯, ਉਹੀ, ਪਨਾ ੧੪੨੭)

### 8. ਭਗਤੀ : ਸੱਤ ਅਤੇ ਸਦ ਸਥਿਰ

ਦੁਨਿਆਵੀ ਪਦਾਰਥਾਂ ਅਤੇ ਸਨਬੰਧਾਂ ਦੇ ਟਾਕਰੇ ਤੇ ਕੇਵਲ ਭਗਤੀ ਦਾ ਹੀ, ਜੀਵ ਨੂੰ ਅੰਤ ਸਮੇਂ, ਸੰਗ-ਸਾਥ ਪ੍ਰਾਪਤ ਹੋਣ ਦਾ ਕਾਰਣ ਸਮਸਤ ਜਾਗਤਿਕ ਪਦਾਰਥਾਂ ਅਤੇ ਰਿਸ਼ਤਿਆਂ ਦੇ ਮਿਥਿਆ-ਤਤ ਦੇ ਟਾਕਰੇ ਤੇ ਭਗਤੀ ਦੀ ਸੱਤਤਾ ਅਤੇ ਸਦ-ਸਥਿਰਤਾ ਵਿੱਚ ਵਿਦਮਾਨ ਹੈ। ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਮੈਂ ਜਗਤ ਨੂੰ ਆਪਣਾ ਜਾਣਕੇ, ਆਪਣਾ ਬਣਾਕੇ ਦੇਖ ਲਿਆ ਹੈ ਪਰ ਇਸ ਜਗਤ ਵਿੱਚ ਕੋਈ ਕਿਸੇ ਦਾ ਨਹੀਂ ਅਰਥਾਤ ਕੋਈ ਵੀ ਸਨਬੰਧ ਸਦ-ਸਥਿਰ ਨਹੀਂ ਸਥਿਰ ਤਾਂ ਕੇਵਲ ਪ੍ਰਭੂ ਭਗਤੀ ਹੀ ਹੈ। ਭਗਤੀ ਦੀ ਸੱਤਤਾ ਅਤੇ ਸਦ-ਸਥਿਰਤਾ ਨੂੰ ਅਤਿ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ ਕਿ ਭਗਤੀ ਦਾ ਆਧਾਰ ਅਰਥਾਤ ਪ੍ਰਭੂ ਦਾ 'ਨਾਮ' ਸਦ-ਸਥਿਰ ਹੈ, ਭਗਤੀ ਦਾ ਕਰਨਹਾਰਾ, ਸਾਧਕ, ਭਗਤ ਜਾਂ 'ਸਾਧੂ' ਸਥਿਰ ਹੈ ਅਤੇ ਭਗਤੀ-ਪ੍ਰਾਪਤੀ ਦਾ ਸਾਧਨ 'ਗੁਰੂ ਗੋਬਿੰਦੁ' ਵੀ ਸਥਿਰ ਹੈ, ਯਥਾ :—

(ੳ) ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥
ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮ ਕੋ ਸਹੀ ॥

(ਸੋਰਠਿ ਮ: ੯, ਉਹੀ, ਪਨਾ ੬੩੧)

(ਅ) ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥

(ਜੈਤਸਰੀ ਮ: ੯, ਉਹੀ, ਪੰਨਾ ੭੦੩)

(ਛ) ਨਿਜ ਕਰਿ ਦੇਖਿਓ ਜਗਤ ਮੈ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖਹੁ ਮਨ ਮਾਹਿ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

(ਜ) ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥

(ਸਲੋਕ ਮ: ੯, ਉਹੀ, ਪੰਨਾ ੧੪੨੮-੨੯)

(ਝ) ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥

(ਸਲੋਕ ਮ: ੯, ਉਹੀ, ਪੰਨਾ ੧੪੨੯)

## 9. ਭਗਤੀ : ਅਨੰਨ ਅਥਵਾ ਏਕਾਂਤ੍ਰਿ ਪ੍ਰਕਿਰਤੀ-ਯੁਕਤ

ਗੁਰੂ ਤੇਗ ਬਹਾਦਰ ਜੀ ਨੇ ਭਗਤੀ ਨੂੰ ਅਨੰਨ ਅਥਵਾ ਏਕਾਂਤਿਕ-ਪ੍ਰਕਿਰਤੀ-ਯੁਕਤ ਦਰਸਾਇਆ ਹੈ। ਉਹਨਾਂ ਅਨੁਸਾਰ ਜਿਸ ਪ੍ਰਕਾਰ ਕੁੱਤਾ ਆਪਣੇ ਅੰਨਦਾਤਾ-ਸੁਆਮੀ ਦਾ ਦਰ ਕਦੀ ਨਹੀਂ ਛਡਦਾ ਅਤੇ ਹਮੇਸ਼ਾਂ ਉਸ ਉਤੇ ਟਿਕਿਆ ਰਹਿੰਦਾ ਹੈ ਉਸੇ ਤਰ੍ਹਾਂ 'ਇਕ ਮਨਿ' ਅਤੇ 'ਇਕ ਚਿਤਿ' ਹੋਕੇ ਅਰਥਾਤ ਏਕਾਂਤਿਕ ਅਤੇ ਅਨੰਨ ਭਾਵ ਨਾਲ ਸਰਬ ਲੋਕ ਦੇ ਅੰਨਦਾਤਾ-ਹਰੀ ਦੀ ਭਗਤੀ ਕਰਨੀ ਚਾਹੀਦੀ ਹੈ। ਇਹ ਭਗਤੀ ਉਤਾਰ-ਚੜ੍ਹਾਅ ਤੋਂ ਰਹਿਤ, ਲਗਾਤਾਰ, ਇਕਸਾਰ, ਇਕ ਰਸ ਅਥਵਾ 'ਏਕ ਰੰਗਿ' ਹੋਣੀ ਚਾਹੀਦੀ ਹੈ, ਯਥਾ :—

(ੳ) ਸੁਆਮੀ ਕਉ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਹੁ ਇਕ ਮਨਿ ਹੁਇ ਇਕ ਚਿਤਿ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

(ਅ) ਇਕ ਭਗਤਿ ਨਾਰਾਇਨ ਹੋਇ ਸੰਗਿ ॥
ਕਹੁ ਨਾਨਕ ਭਜੁ ਤਿਹ ਏਕ ਰੰਗਿ ॥

(ਬਸੰਤ ਮ: ੯, ਉਹੀ, ਪੰਨਾ ੧੧੮੬)

## 10. ਭਗਤੀ ਅਤੇ ਕਰਮ

ਭਗਤੀ ਦੇ ਪਖ-ਪੂਰਨ ਦੇ ਟਾਕਰੇ ਤੇ ਗੁਰੂ ਸਾਹਿਬ ਨੇ ਕਰਮ ਕਾਂਡ ਦੀ ਨਿਖੇਧੀ ਕੀਤੀ ਹੈ ਅਤੇ ਵਾਹ ਲਗਦੇ ਇਸ ਦੀ ਖਿੱਲੀ ਵੀ ਉਡਾਈ ਹੈ। ਉਹਨਾਂ ਅਨੁਸਾਰ ਭਗਤੀ ਲਈ ਕਰਮ ਕਾਂਡ ਦੀ ਕੋਈ ਲੋੜ ਨਹੀਂ। ਤੀਰਥ ਯਾਤਰਾ, ਵਰਤ-ਧਾਰਣ ਅਤੇ ਦਾਨ ਦੇਣਾ ਆਦਿ ਕਰਮ ਕਾਂਡ ਤਾਂ ਅਹੰਕਾਰ-ਉਤਪਾਦਕ ਹਨ ਅਤੇ ਉਸੇ ਤਰ੍ਹਾਂ ਨਿਸਫਲ ਚਲੇ ਜਾਂਦੇ ਹਨ ਜਿਸ ਤਰ੍ਹਾਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ ਵਿਅਰਥ ਚਲਾ ਜਾਂਦਾ ਹੈ ਕਿਉਂਕਿ ਉਹ ਨਹਾਉਣ ਉਪਰੰਤ ਆਪਣੇ ਉਪਰ ਮਿਟੀ ਅਤੇ ਸੁਆਹ ਪਾ ਲੈਂਦਾ ਹੈ ਯਥਾ :—

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

## 11. ਭਗਤੀ ਅਤੇ ਗਿਆਨ

ਭਗਤੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਗਿਆਨ-ਉਤਪਾਦਕ ਮੰਨਿਆਂ ਹੈ । ਅਗਿਆਨ ਵਸ ਮਨੁਖ ਮਾਇਆ-ਗ੍ਰਸਿਤ ਰਹਿੰਦਾ ਹੈ ਪਰ ਪ੍ਰਭੂ ਦੀ ਨਾਮ ਰੂਪੀ ਭਗਤੀ-ਸੰਪਤੀ ਦੀ ਪ੍ਰਾਪਤੀ ਨਾਲ ਅਗਿਆਨ ਦੇ ਅੰਧਕਾਰ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਨਿਰਮਲ ਗਿਆਨ ਦਾ ਪ੍ਰਕਾਸ਼ ਹੁੰਦਾ ਹੈ । ਗੁਰੂ ਸਾਹਿਬ ਅਨੁਸਾਰ ਭਗਵੰਤ-ਭਜਨ ਅਤੇ 'ਗੁਰ-ਜਨੁ' ਦੀ ਸੇਵਾ ਤੋਂ ਬਿਨਾ ਗਿਆਨ ਦਾ ਉਦੈ ਨਹੀਂ ਹੁੰਦਾ, ਯਥਾ :—

(ੳ) ਮਾਈ ਮੈ ਧਨੁ ਪਾਇਓ ਹਰਿ ਨਾਮੁ ॥
... ... ... ... ..॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
(ਬਸੰਤ ਮ: ੯, ਉਹੀ, ਪੰਨਾ ੧੧੮੬)

(ਅ) ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥
(ਸੋਰਠਿ ਮ: ੯ ਉਹੀ, ਪੰਨਾ ੬੩੨)

(ੲ) ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨਾ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥
(ਜੈਤਸਰੀ ਮ: ੯, ਉਹੀ, ਪੰਨਾ ੭੦੨—੩)

## 12. ਭਗਤੀ ਦੀ ਸਰਵ ਸ੍ਰੇਸ਼ਠਤਾ

ਗੁਰੂ ਤੇਗ ਬਹਾਦਰ ਜੀ ਅਨੁਸਾਰ ਭਗਤੀ 'ਕਰਮ' ਅਤੇ ਗਿਆਨ ('ਬਿਦਿਆ') ਤੋਂ ਸ੍ਰੇਸ਼ਠ ਹੈ । ਮੁਕਤੀ-ਪ੍ਰਾਪਤੀ ਲਈ ਭਾਗਤੀ ਸਾਧਨਾ ਦੇ ਖੇਤਰ ਵਿਚ ਤਿੰਨ ਮਾਰਗਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਅਰਥਾਤ ਕਰਮ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ । ਪਰ ਗੁਰੂ ਸਾਹਿਬ ਅਨੁਸਾਰ ਪ੍ਰਭੂ ਦਾ ਨਾਮ-ਜਪ, ਸਿਮਰਨ ਜਾਂ ਭਗਤੀ ਹੀ ਮੁਕਤੀ-ਪ੍ਰਾਪਤੀ ਦਾ ਸਰਵਨ ਸ੍ਰੇਸ਼ਠ ਸਾਧਨ ਹੈ, ਯਥਾ :—

ਪ੍ਰਾਨੀ ਕਉਨੁ ਉਪਾਉ ਕਰੈ ॥
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ ॥
ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ ॥

(ਸੋਰਠਿ ਮ: ੯, ਉਹੀ, ਪੰਨਾ ੬੩੨)

## 13. ਭਗਤੀ : ਅਦੁੱਤੀ

ਕਰਮ ਅਤੇ ਗਿਆਨ ਦੇ ਟਾਕਰੇ ਤੇ ਭਗਤੀ ਦੀ ਸ੍ਰੇਸ਼ਠਤਾ ਇਸ ਨੂੰ 'ਅਦੁੱਤੀ' ਦੀ ਪਦਵੀ ਤੇ ਪਹੁੰਚਾ ਦਿੰਦੀ ਹੈ। ਭਗਤੀ ਦੇ ਅਦੁਤੀ ਹੋਣ ਤੋਂ ਭਾਵ ਇਹ ਹੈ ਕਿ ਕੋਈ ਕਰਮ-ਧਰਮ ਜਾਂ ਗਿਆਨ-ਵਿਗਿਆਨ ਇਸ ਦੇ ਸਮਾਨ ਨਹੀਂ, ਯਥਾ :—

(ੳ) ਰਾਮ ਨਾਮੁ ਉਰ ਮਹਿ ਗਹਿਓ ਜਾ ਕੈ ਸਮ ਨਹੀ ਕੋਇ ॥

(ਸਲੋਕ ਮ: ੯, ਉਹੀ, ਪੰਨਾ ੧੪੨੯)

(ਅ) ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ ॥

(ਸੋਰਠਿ ਮ: ੯, ਉਹੀ, ਪਨਾ ੬੩੨)

## 14. ਭਗਤੀ ਦੀ ਚਰਮ ਸੀਮਾ

ਭਗਤੀ ਦੀ ਸਿਖਰੀ ਅਵਸਥਾ ਸਾਧਕ-ਭਗਤ ਦਾ ਸਾਧਯ-ਬ੍ਰਹਮ ਵਿੱਚ ਲੀਨ ਹੋ ਜਾਣਾ ਹੈ, ਸਾਧਕ-ਭਗਤ ਅਤੇ ਸਾਧਯ-ਬ੍ਰਹਮ ਦੇ ਦਵੈਤ ਦਾ ਅਲੋਪ ਹੋ ਜਾਣਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਪਾਣੀ ਦਾ ਪਾਣੀ ਵਿਚ ਹੀ ਸਮਾ ਜਾਣਾ ਹੈ, ਯਥਾ :—

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

(ਸੋਰਠਿ ਮ: ੯, ਉਹੀ, ਪੰਨਾ ੬੩੪)

ਭਗਤੀ ਦੀ ਅਜਿਹੀ ਅਵਸਥਾ ਵਿੱਚ 'ਹਰਿਜਨ' ਅਤੇ 'ਹਰਿ' ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ ਕਿਉਂਕਿ ਭਗਤ ਨਿਰਭੈ ਪ੍ਰਭੂ ਵਿੱਚ ਨਿਵਾਸ ਪ੍ਰਾਪਤ ਕਰ ਲੈਂਦਾ ਹੈ, ਯਥਾ :—

(ੳ) ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੭)

(ਅ) ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

(ੲ) ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥

(ਸਲੋਕ ਮ: ੯, ਉਹੀ, ਪੰਨਾ, ੧੪੨੭–੨੮)

## 15. ਭਗਤੀ ਦਾ ਮਹਾਤਮ

ਭਗਤੀ ਦਾ ਮਹਾਤਮ ਅਥਵਾ ਮਹੱਤਵ ਦਰਸਾਂਦਿਆਂ ਹੋਇਆਂ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਭਗਤੀ ਦੀ ਪ੍ਰਾਪਤੀ ਦੁਆਰਾ ਸਮਸਤ ਚਿੰਤਿਆਂ ਦਾ ਨਿਵਾਰਣ ਹੋ ਜਾਂਦਾ ਹੈ ਅਤੇ ਮਨ ਹਰ ਪ੍ਰਕਾਰ ਦੀ ਭਟਕਣ ਤੋਂ ਉਤਾਂਹ ਉਠ ਕੇ ਸਥਿਰ ਅਵਸਥਾ ਵਿਚ ਪੁਜ ਜਾਂਦਾ ਹੈ, ਮਾਇਆ-ਮਮਤਾ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਨਿਰਮਲ ਗਿਆਨ ਪ੍ਰਕਾਸ਼ਮਾਨ ਹੋ ਉਠਦਾ ਹੈ, ਲੋਭ, ਮੋਹ ਅਤੇ ਸਮਸਤ ਤ੍ਰਿਸ਼ਨਾਵਾਂ ਵਿਨਸ਼ਟ ਹੋ ਜਾਂਦੀਆਂ ਹਨ ਅਤੇ ਸਾਧਕ-ਭਗਤ ਨਿਜ-ਸੁਖ-ਅਵਸਥਾ ਦਾ ਧਾਰਣੀ ਹੋ ਜਾਂਦਾ ਹੈ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਪ੍ਰਭੂ ਦੀ ਕਿਰਪਾ ਹੋਵੇ। ਪ੍ਰਭੂ ਦੀ ਕਿਰਪਾ-ਪ੍ਰਾਪਤੀ ਦਾ ਸਾਧਨ, ਗੁਰੂ ਸਾਹਿਬ ਅਨੁਸਾਰ, ਗੁਰੂ ਹੀ ਹੈ, ਯਥਾ :—

ਮਾਈ ਮੈ ਧਨੁ ਪਾਇਓ ਹਰਿਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ, ਮੋਹ ਏ ਪਰਸਿ ਨਾ ਸਾਕਹਿ ਗਹੀ ਭਗਤਿ ਭਗਵਾਨ ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸ਼ਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥

(ਬਸੰਤ ਮ: ੯, ਉਹੀ, ਪੰਨਾ ੧੧੮੬)

## 16. ਭਗਤੀ-ਫਲ

ਭਗਤੀ ਅਨੇਕ-ਫਲ-ਪ੍ਰਦਾਤੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਭਗਤੀ ਦੇ ਮਹਾਤਮ-ਵਰਣਨ ਨੂੰ ਵਿਸ਼ੇਸ਼ ਅਤੇ ਮਹੱਤਵਪੂਰਣ ਸਥਾਨ ਦਿੱਤਾ ਹੈ। ਇਸ ਦਾ ਪ੍ਰਤੱਖ ਪ੍ਰਮਾਣ ਉਹਨਾਂ ਦੀ ਬਾਣੀ ਵਿੱਚ ਭਗਤੀ ਦੇ ਅਨੇਕ ਫਲਾਂ ਸੰਬੰਧੀ ਮਿਲਦੇ ਸੰਕੇਤ ਹਨ।

## 17. ਭਗਤੀ : ਮੁਕਤੀ ਪ੍ਰਦਾਤੀ

ਭਗਤੀ ਮੁਕਤੀ-ਪ੍ਰਦਾਇਣੀ ਹੈ। 'ਭਵਸਾਗਰ' ਜਾਂ 'ਭਉਜਲੁ' ਤੋਂ ਪਾਰ ਉਤਰਨਾ, ਜੀਵਨ ਦਾ ਉਧਾਰ ਹੋਣਾ, 'ਕਾਜ' ਦਾ ਸਰਨਾ, ਪ੍ਰਭੂ ਨਾਲ 'ਮਿਲਨ', 'ਨਿਰਭੈਪਦੁ', 'ਅਭੈਦਾਨੁ' ਨਿਰਬਾਣ ਪਦ ਅਤੇ 'ਗਤਿ' ਦੀ ਪ੍ਰਾਪਤੀ, 'ਬੈਕੁੰਠਿ' ਸਿਧਾਉਣਾ' 'ਨਿਜ ਸੁਖ ਮਾਹਿ' ਸਮਾਉਣਾ, 'ਜਮ ਕੋ ਤ੍ਰਾਸ' ਦਾ ਹਰਨਾ, 'ਜਮ ਕੀ ਫਾਸੀ' ਦਾ ਕਟਣਾ ਆਦਿ ਗੁਰੂ ਸਾਹਿਬ ਅਨੁਸਾਰ 'ਮੁਕਤਿ' ਦਾ ਪ੍ਰਾਪਤ ਕਰਨਾ ਅਤੇ 'ਜਨੁ ਮੁਕਤਾ' ਤੇ 'ਜੀਵਨ ਮੁਕਤਿ' ਕਹਾਉਣਾ ਹੈ, ਯਥਾ :—

(ੳ) ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾਮੈ ਭਵਸਾਗਰ ਕੈ ਪਰਿ ਉਤਰੁ ਰੇ ॥
(ਗਉੜੀ ਮ: ੯, ਉਹੀ, ਪੰਨਾ ੨੨੦)

(ਅ) ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ ॥
(ਦੇਵਗੰਧਾਰੀ ਮ: ੯, ਉਹੀ, ਪੰਨਾ ੫੩੬)

(ੲ) ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥
(ਦੇਵਗੰਧਾਰੀ ਮ: ੯, ਉਹੀ, ਪੰਨਾ ੫੩੬)

(ਸ) ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥
(ਦੇਵਗੰਧਾਰੀ ਮ: ੯, ਉਹੀ, ਪੰਨਾ ੫੩੬)

(ਹ) ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ।
(ਸੋਰਠਿ ਮ: ੯, ਉਹੀ, ਪੰਨਾ ੬੩੧-੩੨)

(ਕ) ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈਪਦੁ ਪਾਇਆ ॥
... ... ... ... ... ... ... ... ...
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗ੍ਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥
(ਸੋਰਠਿ ਮ: ੯, ਉਹੀ, ਪੰਨਾ ੬੩੨)

(ਖ) ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
(ਸੋਰਠਿ ਮ:, ੯ ਉਹੀ, ਪੰਨਾ ੬੩੨)

(ਗ) ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥
... ... ... ... ... ... ... ... ... ...
ਨਾਨਕ ਹਾਰਿ ਪਰਿਓ ਸਰਨਾਗਤਿ ਅਭੈਦਾਨੁ ਪ੍ਰਭ ਦੀਜੈ ।
(ਜੈਤਸਰੀ ਮ: ੯, ਉਹੀ, ਪੰਨਾ ੭੦੩)

(ਘ) ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥
(ਟੋਡੀ ਮ: ੯, ਉਹੀ, ਪੰਨਾ ੭੧੮)

(ਙ) ਕਹੁ ਨਾਨਕ ਤਿਹ ਭਜਨ ਤੇ ਨਿਰਭੈਪਦੁ ਪਾਵੈ ।
(ਤਿਲੰਗ ਮ: ੯, ਉਹੀ, ਪੰਨਾ ੭੨੬)

(ਚ) ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੈ ॥
ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮ ਬਖਾਨੈ ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੈ ॥
ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੈ ॥

(ਬਿਲਾਵਲੁ ਮ: ੯, ਉਹੀ, ਪੰਨਾ ੮੩੦)

(ਛ) ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥

(ਬਿਲਾਵਲੁ ਮ: ੯, ਉਹੀ, ਪੰਨਾ ੮੩੧)

(ਜ) ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥
ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥
ਅਜਾਮਲ ਕਉ ਅੰਤਿਕਾਲ ਮਹਿ ਨਾਰਾਇਣ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥

(ਰਾਮਕਲੀ ਮ: ੯, ਉਹੀ, ਪੰਨਾ ੯੦੨)

(ਝ) ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥
ਭਏ ਦਇਆਲ ਕਿਰਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥
ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥

(ਰਾਮਕਲੀ ਮ: ੯, ਉਹੀ, ਪੰਨਾ ੯੦੨)

(ਞ) ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥
ਮੁਕਤੁ ਹੋਤ ਨਰ ਜਾਕੈ ਸਿਮਰੈ ਨਿਮਖ ਨਾ ਤਾ ਕਉ ਗਾਇਓ ॥

(ਰਾਮਕਲੀ ਮ: ੯, ਉਹੀ, ਪੰਨਾ ੯੦੨)

(ਟ) ਹਰਿ ਕੋ ਨਾਮ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥

(ਮਾਰੂ ਮ: ੯, ਉਹੀ, ਪੰਨਾ ੧੦੦੮)

(ਠ) ਜਿਹ ਜਿਹ ਹਰਿਕੋ ਨਾਮੁ ਸੰਮ੍ਹਾਰਿ ॥
ਸੇ ਭਵ ਸਾਗਰ ਉਤਰੇ ਪਾਰਿ ॥

(ਬਸੰਤ ਮ: ੯, ਉਹੀ, ਪੰਨਾ ੧੧੮੬)

(ਝ) ਮਾਈ ਮੈ ਧਨੁ ਪਾਇਓ ਹਰਿ ਨਾਮੁ ॥

...............ਗਹੀ ਭਗਤਿ ਭਗਵਾਨ ॥

... ... ... ... ...

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥

(ਬਸੰਤ ਮ: ੯, ਉਹੀ, ਪੰਨਾ ੧੧੮੬)

(ਞ) ਤਜਿ ਅਭਿਮਾਨੁ ਸਰਣਿ ਸਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥

(ਸਾਰੰਗ ਮ: ੯, ਉਹੀ, ਪੰਨਾ ੧੨੩੧)

(ਟ) ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤ ਲਾਵੈ ॥

(ਸਾਰੰਗ ਮ: ੯, ਉਹੀ, ਪੰਨਾ ੧੨੩੧)

(ਤ) ਮਾਨ ਮੋਹ ਦੋਨੋ ਕੋ ਪਰਹਰਿ ਗੋਬਿੰਦ ਕੇ ਗੁਨ ਗਾਵੈ ॥

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥

(ਬਿਲਾਵਲੁ ਮ: ੯, ਉਹੀ, ਪੰਨਾ ੮੩੧)

(ਥ) ਕਹੁ ਨਾਨਕ ਸੁਨੁ ਰੇ ਮਨਾ ਤਿਹ ਸਿਮਰਤ ਗਤਿ ਹੋਇ ॥

(ਸਲੋਕ ਮ: ੯, ਉਹੀ, ਪੰਨਾ ੧੪੨੬)

(ਦ) ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਸਲੋਕ ਮ: ੯, ਉਹੀ, ਪੰਨਾ ੧੪੨੬)

(ਧ) ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥

(ਸਲੋਕ ਮ: ੯, ਉਹੀ, ਪੰਨਾ ੧੪੨੬)

ਬ੍ਰਹਮ–ਸਰੂਪ ਹੋਣਾ, ਦਵੈਤ ਅਥਵਾ ਭੇਦ ਦਾ ਵਿਨਾਸ਼ ਹੋਣਾ ਸਾਧਕ-ਸਾਧਯ ਦਾ ਇਕ ਰੂਪ ਹੋ ਜਾਣਾ ਅਤੇ ਬ੍ਰਹਮ-ਸਾਖਿਆਤਕਾਰ ਵੀ ਮੁਕਤੀ–ਪ੍ਰਾਪਤੀ ਦਾ ਹੀ ਲੱਛਣ ਹਨ। ਅਜਿਹੀ ਮੁਕਤ–ਅਵਸਥਾ ਦੀ ਪ੍ਰਾਪਤੀ, ਗੁਰੂ ਸਾਹਿਬ ਅਨੁਸਾਰ, ਭਗਤੀ ਦੇ ਹੀ ਫਲਸਰੂਪ ਹੁੰਦੀ ਹੈ, ਯਥਾ :—

(ੳ) ਜੋ ਪ੍ਰਾਨੀ ਨਿਸ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੭)

(ਅ) ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥

ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

(ਸਲੋਕ ਮ: ੯, ਉਹੀ, ਪੰਨਾ ੧੪੨੮)

(ੲ) ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥

(ਸਲੋਕ ਮ: ੯, ਉਹੀ, ਪੰਨਾ ੧੪੨੯)